# ਸਰਕਾਰ ਅਤੇ ਵਿਰੋਧੀ ਧਿਰ ਦੀ ਭੂਮਿਕਾ

ਬ੍ਰਿਟਿਸ਼ ਕੋਲੰਬੀਆ ਦੀਆਂ ਵਿਸ਼ਾਲ ਅਤੇ ਇਤਿਹਾਸਕ ਸੰਸਦੀ ਇਮਾਰਤਾਂ ਵਿੱਚ ਸਾਡੇ ਚੁਣੇ ਹੋਏ ਨੁਮਾਇੰਦੇ - ਜਿਨ੍ਹਾਂ ਨੂੰ ਮੈਂਬਰਜ਼ ਆਫ਼ ਲੈਜਿਸਲੇਟਿਵ ਅਸੈਂਬਲੀ ਜਾਂ ਐੱਮ.ਐੱਲ.ਏ. ਕਿਹਾ ਜਾਂਦਾ ਹੈ - ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਉੱਪਰ ਸ਼ਾਸਨ ਕਰਨ ਵਾਲੇ ਕਾਨੂੰਨਾਂ ਉੱਪਰ ਦਲੀਲਾਂ ਕਰਨ ਅਤੇ ਉਨ੍ਹਾਂ ਕਾਨੂੰਨਾਂ ਨੂੰ ਪਾਸ ਕਰਕੇ ਸਾਡੇ ਸੂਬੇ ਦਾ ਭਵਿੱਖ ਘੜਨ ਲਈ ਇਕੱਠੇ ਹੁੰਦੇ ਹਨ।

ਬ੍ਰਿਟਿਸ਼ ਕੋਲੰਬੀਆ ਨੂੰ 87 ਵਿਧਾਨ ਸਭਾ ਹਲਕਿਆਂ ਜਾਂ ਰਾਈਡਿੰਗਜ਼ ਵਿੱਚ ਵੰਡਿਆ ਗਿਆ ਹੈ। ਹਰ ਹਲਕੇ ਵਿੱਚ ਰਹਿਣ ਵਾਲੇ ਲੋਕਾਂ ਤਰਫੋਂ ਬੋਲਣ ਲਈ ਇੱਕ-ਇੱਕ ਐੱਮ.ਐੱਲ.ਏ. ਦੀ ਚੋਣ ਕੀਤੀ ਜਾਂਦੀ ਹੈ।

## ਵਿਧਾਨ ਸਭਾ

ਬੀ.ਸੀ. ਦੀ ਸਰਕਾਰ ਦੀ ਪ੍ਰਣਾਲੀ ਗ੍ਰੇਟ ਬ੍ਰਿਟੇਨ ਦੀ ਲਗਭਗ 800 ਸਾਲ ਪੁਰਾਣੀ ਸਰਕਾਰੀ ਪ੍ਰਣਾਲੀ ਉੱਪਰ ਅਧਾਰਤ ਹੈ। ਇਸ ਪ੍ਰਣਾਲੀ ਤਹਿਤ, ਬ੍ਰਿਟਿਸ਼ ਕੋਲੰਬੀਆ ਦੀ ਵਿਧਾਨਕ ਸਭਾ ਹਰੇਕ ਹਲਕੇ (ਰਾਈਡਿੰਗ) ਵਿੱਚੋਂ ਚੁਣੇ ਹੋਏ ਵਿਧਾਇਕਾਂ ਨਾਲ ਬਣਦੀ ਹੈ।

ਕਾਨੂੰਨ ਬਣਾਉਣਾ ਵਿਧਾਨ ਸਭਾ (ਜਿਸ ਨੂੰ ਹਾਊਸ, ਭਾਵ ਸਦਨ ਵੀ ਕਿਹਾ ਜਾਂਦਾ ਹੈ) ਦਾ ਮੁੱਖ ਕੰਮ ਹੈ। ਜਦੋਂ ਸਦਨ ਚੱਲ ਰਿਹਾ ਹੁੰਦਾ ਹੈ, ਉਦੋਂ ਵਿਧਾਇਕਾਂ (ਐੱਲ.ਐੱਲ.ਏ.) ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਾਰੇ ਤਜਵੀਜ਼ਸ਼ੁਦਾ ਨਵੇਂ ਕਾਨੂੰਨਾਂ (ਜਿਨ੍ਹਾਂ ਨੂੰ ਬਿਲ ਕਿਹਾ ਜਾਂਦਾ ਹੈ) ਦਾ ਅਧਿਐਨ ਕਰਨ ਅਤੇ ਉਨ੍ਹਾਂ ਬਾਰੇ ਬਹਿਸ ਕਰਨ ਅਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੇ ਵਿਚਾਰਾਂ ਅਤੇ ਸਰੋਕਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਬਿਲ ਨੂੰ ਸਮਰਥਨ ਦੇਣ ਜਾਂ ਰੱਦ ਕਰਨ।

ਕੈਬਨਿਟ ਮੰਤਰੀਆਂ ਅਤੇ ਉਨ੍ਹਾਂ ਦੇ ਮੰਤਰਾਲਿਆਂ ਦੀਆਂ ਗਤੀਵਿਧੀਆਂ ਦੀ ਪੜਤਾਲ ਕਰਨਾ, ਟੈਕਸਾਂ ਨੂੰ ਮਨਜ਼ੂਰੀ ਦੇਣੀ ਅਤੇ ਫ਼ੰਡਿੰਗ ਲਈ ਸਰਕਾਰ ਦੀਆਂ ਬੇਨਤੀਆਂ 'ਤੇ ਬਹਿਸ ਕਰਨੀ ਅਤੇ ਵੋਟ ਪਾਉਣੀ ਵੀ ਵਿਧਾਇਕਾਂ ਦਾ ਹੀ ਕੰਮ ਹੈ।

> ਕੀ ਤੁਸੀਂ ਜਾਣਦੇ ਹੋ...
>
> ਸਦਨ ਸਿਰਫ਼ ਸਾਲ ਦੇ ਕੁਝ ਹਿੱਸੇ ਦੌਰਾਨ ਹੀ "ਬੈਠਦਾ" – ਭਾਵ ਸੈਸ਼ਨ ਵਿੱਚ ਹੁੰਦਾ ਹੈ। ਜਦੋਂ ਸਦਨ ਸੈਸ਼ਨ ਵਿੱਚ ਨਹੀਂ ਹੁੰਦਾ ਉਦੋਂ ਵਿਧਾਇਕ ਆਪੋ-ਆਪਣੇ ਹਲਕਿਆਂ ਵਿੱਚ ਕੰਮ ਕਰਦੇ ਹਨ ਅਤੇ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਹਾਸਲ ਕਰਨ ਲਈ ਆਪਣੇ ਹਲਕੇ ਵਿੱਚ ਰਹਿੰਦੇ ਲੋਕਾਂ ਨੂੰ ਸਲਾਹ ਦਿੰਦੇ ਹਨ ਅਤੇ ਉਨ੍ਹਾਂ ਦੀ ਮਦਦ ਕਰਦੇ ਹਨ।

## ਸਰਕਾਰ

ਸੰਸਦੀ ਲੋਕਤੰਤਰ ਦੀ ਸਾਡੀ ਪ੍ਰਣਾਲੀ ਅਧੀਨ ਵਿਧਾਨ ਸਭਾ ਵਿੱਚ ਸਰਕਾਰ ਨੂੰ ਜ਼ਿਆਦਾਤਰ ਮੈਂਬਰਾਂ ਦਾ ਸਮਰਥਨ ਹਾਸਲ ਹੋਣਾ ਚਾਹੀਦਾ ਹੈ। ਜਦੋਂ ਸੂਬਾਈ ਚੋਣਾਂ ਵਿੱਚ ਇੱਕ ਸਿਆਸੀ ਪਾਰਟੀ ਵਿਧਾਨ ਸਭਾ ਦੀਆਂ ਬਹੁਤੀਆਂ ਸੀਟਾਂ ਜਿੱਤਦੀ ਹੈ ਉਦੋਂ ਬਹੁਮਤ ਵਾਲੀ ਸਰਕਾਰ ਬਣਦੀ ਹੈ। ਸੂਬਾਈ ਚੋਣਾਂ ਵਿੱਚ ਜਦੋਂ ਸੱਤਾਧਾਰੀ ਧਿਰ ਬਹੁਮਤ ਜਿੰਨੀਆਂ ਸੀਟਾਂ ਨਹੀਂ ਜਿੱਤਦੀ, ਪਰ ਵਿਧਾਨ ਸਭਾ ਵਿਚਲੇ ਬਹੁਤੇ ਮੈਂਬਰਾਂ ਦਾ ਸਮਰਥਨ ਬਰਕਰਾਰ ਰੱਖਣ ਵਿੱਚ ਕਾਮਯਾਬ ਰਹਿੰਦੀ ਹੈ, ਉਦੋਂ ਘੱਟ ਗਿਣਤੀ ਸਰਕਾਰ ਬਣਦੀ ਹੈ।

ਸਰਕਾਰ ਦਾ ਨੇਤਾ ਪ੍ਰੀਮੀਅਰ ਵਜੋਂ ਜਾਣਿਆ ਜਾਂਦਾ ਹੈ। ਪ੍ਰੀਮੀਅਰ ਵੱਲੋਂ ਆਪਣੀ ਪਾਰਟੀ ਤੋਂ ਵਿਧਾਇਕਾਂ ਦੇ ਇੱਕ ਛੋਟੇ ਸਮੂਹ ਨੂੰ ਕ੍ਰਾਊਨ ਦੇ ਮੰਤਰੀਆਂ ਦੇ ਰੂਪ ਵਿੱਚ ਕੰਮ ਕਰਨ ਲਈ ਚੁਣਿਆ ਜਾਂਦਾ ਹੈ। ਉਹ ਸਰਕਾਰੀ ਮੰਤਰਾਲਿਆਂ ਦੀਆਂ ਰੋਜ਼ਾਨਾ ਗਤੀਵਿਧੀਆਂ (ਜਿਵੇਂ ਕਿ ਸਿਹਤ ਮੰਤਰਾਲਾ ਜਾਂ ਵਿੱਤ ਮੰਤਰਾਲਾ) ਦੀ ਵਾਗ-ਡੋਰ ਸੰਭਾਲਦੇ ਹਨ ਅਤੇ ਨਵੇਂ ਕਾਨੂੰਨ ਤਜਵੀਜ਼ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ।

ਪ੍ਰੀਮੀਅਰ ਅਤੇ ਮੰਤਰੀ ਇਕੱਠੇ ਕਾਰਜਕਾਰੀ ਕੌਂਸਲ ਬਣਾਉਂਦੇ ਹਨ, ਜਿਸ ਨੂੰ ਅਕਸਰ ਕੈਬਿਨੇਟ ਜਾਂ ਕਾਬੀਨਾ ਵੀ ਕਿਹਾ ਜਾਂਦਾ ਹੈ।

> ਕੀ ਤੁਸੀਂ ਜਾਣਦੇ ਹੋ...
>
> ਜਿਹੜੇ ਵਿਧਾਇਕ ਕੈਬਿਨੇਟ ਵਿੱਚ ਨਹੀਂ ਹੁੰਦੇ, ਉਨ੍ਹਾਂ ਨੂੰ ਪ੍ਰਾਈਵੇਟ ਮੈਂਬਰ ਜਾਂ "ਬੈਕਬੈਂਚਰ" ਕਿਹਾ ਜਾਂਦਾ ਹੈ, ਭਾਵੇਂ ਉਹ ਅਸਲ ਵਿੱਚ ਕੁਰਸੀਆਂ 'ਤੇ ਹੀ ਬੈਠਦੇ ਹਨ। ਇਹ ਇਸ ਲਈ ਹੈ ਕਿਉਂਕਿ ਸਾਡੀ ਪ੍ਰਣਾਲੀ ਪਹਿਲਾਂ ਗ੍ਰੇਟ ਬ੍ਰਿਟੇਨ ਵਿੱਚ ਸਥਾਪਿਤ ਕੀਤੀ ਗਈ ਸੀ, ਜਿੱਥੇ ਸਾਰੇ ਮੈਂਬਰ ਬੈਂਚਾਂ 'ਤੇ ਬੈਠਦੇ ਸਨ ਪਰ ਸਿਰਫ਼ ਕੈਬਿਨੇਟ ਮੈਂਬਰ ਹੀ ਸਾਹਮਣੇ ਬੈਠ ਸਕਦੇ ਸਨ। ਬਾਕੀ ਸਾਰਿਆਂ ਨੂੰ ਪਿੱਛੇ ਦੇ ਬੈਂਚਾਂ 'ਤੇ ਬੈਠਣਾ ਪੈਂਦਾ ਸੀ।

## ਵਿਰੋਧੀ ਧਿਰ

ਵਿਰੋਧੀ ਧਿਰ ਦੀ ਉਹ ਪਾਰਟੀ ਜੋ ਚੋਣਾਂ ਵਿੱਚ ਸਭ ਤੋਂ ਵੱਧ ਸੀਟਾਂ ਜਿੱਤਦੀ ਹੈ ਉਹ ਆਧਿਕਾਰਿਕ ਵਿਰੋਧੀ ਧਿਰ ਬਣ ਜਾਂਦੀ ਹੈ, ਜਿਸ ਨੂੰ ਮਹਾਂਰਾਣੀ ਦੀ ਵਫਾਦਾਰ ਵਿਰੋਧੀ ਧਿਰ ਕਿਹਾ ਜਾਂਦਾ ਹੈ, ਅਤੇ ਇਸ ਧਿਰ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਹਨ ਅਤੇ ਇਹ ਪਰੰਪਰਾ ਦੁਆਰਾ ਸਥਾਪਤ ਕੀਤੇ ਫ਼ਰਜ਼ਾਂ ਨੂੰ ਪੂਰਾ ਕਰਦੀ ਹੈ। ਵਿਧਾਨ ਸਭਾ ਵਿੱਚ ਇਹ ਧਿਰ ਇੱਕ ਮਹੱਤਵਪੂਰਨ ਅਹੁਦਾ ਰੱਖਦੀ ਹੈ ਅਤੇ ਕੈਬਿਨੇਟ ਦੀ ਨਿਗਰਾਨੀ ਕਰਕੇ ਅਤੇ ਸਰਕਾਰ ਨੂੰ ਚੰਗੀ ਯੋਜਨਾਬੱਧ ਅਤੇ ਉਚਿਤ ਫੈਸਲੇ ਕਰਨ ਲਈ ਉਤਸਾਹਿਤ ਕਰਕੇ ਸੰਸਦ ਦੀ ਸਮੁੱਚੀ ਅਸਰਦਾਇਕਤਾ ਵਿੱਚ ਯੋਗਦਾਨ ਪਾਉਂਦੀ ਹੈ।

ਸਰਕਾਰ ਦੀਆਂ ਕਾਰਵਾਈਆਂ 'ਤੇ ਸਵਾਲ ਉਠਾਉਣੇ ਅਤੇ ਮੌਜੂਦਾ ਸਰਕਾਰੀ ਨੀਤੀਆਂ ਦੇ ਬਦਲ ਪੇਸ਼ ਕਰਨਾ ਰਸਮੀ ਵਿਰੋਧੀ ਧਿਰ ਅਤੇ ਨਾਲ ਹੋਰਨਾ ਛੋਟੀਆਂ ਵਿਰੋਧੀ ਪਾਰਟੀਆਂ ਅਤੇ ਆਜ਼ਾਦ ਵਿਧਾਇਕਾਂ ਦੀ ਮੁੱਖ ਭੂਮਿਕਾ ਹੁੰਦੀ ਹੈ।

ਵਿਰੋਧੀ ਧਿਰ ਦੇ ਨੇਤਾ ਵੱਲੋਂ ਆਮ ਤੌਰ 'ਤੇ "ਸ਼ੈਡੋ ਕੈਬਿਨੇਟ" ਸਥਾਪਤ ਕੀਤੀ ਜਾਂਦੀ ਹੈ। ਸ਼ੈਡੋ ਕੈਬਿਨੇਟ ਵਿੱਚ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਖ਼ਾਸ ਮੰਤਰਾਲਿਆਂ ਦੇ ਕੰਮਾਂ ਦੀ ਬਹੁਤ ਨਜ਼ਦੀਕੀ ਨਾਲ ਨਿਗਰਾਨੀ ਕਰਨ ਅਤੇ ਮੰਤਰਾਲਿਆਂ ਦੀਆਂ ਯੋਜਨਾਵਾਂ ਅਤੇ ਗਤੀਵਿਧੀਆਂ ਬਾਰੇ ਬਹਿਸਾਂ ਵਿੱਚ ਵਿਰੋਧੀ ਧਿਰ ਦੇ ਨਜ਼ਰੀਏ ਦੀ ਪ੍ਰਤੀਨਿਧਤਾ ਕਰਨ ਲਈ ਨਿਯੁਕਤ ਕੀਤਾ ਜਾਂਦਾ ਹੈ।

## ਸਰਕਾਰ ਨੂੰ ਜਵਾਬਦੇਹ ਬਣਾਉਣਾ

ਵਿਰੋਧੀ ਧਿਰ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ ਸਰਕਾਰ ਬੀ.ਸੀ. ਦੇ ਲੋਕਾਂ ਪ੍ਰਤੀ ਜਵਾਬਦੇਹ ਬਣੇ। ਵਿਰੋਧੀ ਧਿਰ ਦੇ ਵਿਧਾਇਕਾਂ ਕੋਲ ਸਰਕਾਰ ਨੂੰ ਸਵਾਲ ਕਰਨ ਅਤੇ ਸਰਕਾਰ ਦੇ ਕਾਰਜਾਂ 'ਤੇ ਟਿੱਪਣੀ ਕਰਨ ਲਈ ਕਈ ਮੌਕੇ ਹੁੰਦੇ ਹਨ:

- **ਸਪੀਚ ਫ਼ਰੌਮ ਦਾ ਥਰੋਨ (ਰਾਜਗੱਦੀ ਤੋਂ ਦਿੱਤਾ ਜਾਣ ਵਾਲਾ ਭਾਸ਼ਣ)**

  ਸਰਕਾਰ ਵੱਲੋਂ ਲਿਖਿਆ ਇਹ ਭਾਸ਼ਣ – ਸਪੀਚ ਫ਼ਰੌਮ ਦਾ ਥਰੋਨ – ਲੈਫ਼ਟੀਨੈਂਟ ਗਵਰਨਰ ਵੱਲੋਂ ਵਿਧਾਨ ਸਭਾ ਦੇ ਹਰ ਨਵੇਂ ਸੈਸ਼ਨ ਦੇ ਉਦਘਾਟਨ ਤੋਂ ਪਹਿਲਾਂ ਪੜ੍ਹਿਆ ਜਾਂਦਾ ਹੈ। ਭਾਸ਼ਣ, ਸੈਸ਼ਨ ਲਈ ਸਰਕਾਰ ਦੀਆਂ ਯੋਜਨਾਵਾਂ ਦੀ ਰੂਪ ਰੇਖਾ ਦੱਸਦਾ ਹੈ - ਉਦਾਹਰਣ ਵਜੋਂ, ਟੈਕਸ ਵਿੱਚ ਕੋਈ ਕਟੌਤੀ ਲਾਗੂ ਕਰਨੀ ਜਾਂ ਹਸਪਤਾਲਾਂ 'ਤੇ ਕੀਤੇ ਜਾਂਦੇ ਖ਼ਰਚੇ ਨੂੰ ਵਧਾਉਣਾ। ਵਿਧਾਇਕਾਂ ਕੋਲ ਫ਼ਿਰ ਸਰਕਾਰ ਦੀਆਂ ਯੋਜਨਾਵਾਂ ਅਤੇ ਤਰਜੀਹਾਂ 'ਤੇ ਬਹਿਸ ਕਰਨ ਲਈ ਛੇ ਦਿਨ ਤਕ ਦਾ ਸਮਾਂ ਹੁੰਦਾ ਹੈ।

- **ਬਜਟ**

  ਕਾਨੂੰਨ ਮੁਤਾਬਕ, ਸਰਕਾਰ ਵੱਲੋਂ ਫ਼ਰਵਰੀ ਮਹੀਨੇ ਦੇ ਤੀਜੇ ਮੰਗਲਵਾਰ ਨੂੰ ਸੂਬਾਈ ਬਜਟ ਪੇਸ਼ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ। ਵਿੱਤ ਮੰਤਰੀ ਦੁਆਰਾ ਪੜ੍ਹਿਆ ਜਾਣ ਵਾਲਾ ਬਜਟ ਭਾਸ਼ਣ ਦੱਸਦਾ ਹੈ ਕਿ ਸਰਕਾਰ ਦੇ ਨਵੇਂ ਅਤੇ ਚੱਲ ਰਹੇ ਪ੍ਰੋਗਰਾਮਾਂ ਦਾ ਕੀ ਖ਼ਰਚ ਆਵੇਗਾ ਅਤੇ ਸਰਕਾਰ ਕੋਲ ਇਹ ਪੈਸਾ ਕਿੱਥੋਂ ਆਵੇਗਾ (ਉਦਾਹਰਣ ਲਈ ਟੈਕਸ ਜਾਂ ਮਾਲੀਏ ਦਾ ਕੋਈ ਹੋਰ ਸਾਧਨ)। ਫ਼ਿਰ ਵਿਧਾਇਕਾਂ ਕੋਲ ਬਜਟ 'ਤੇ ਬਹਿਸ ਕਰਨ ਅਤੇ ਖ਼ਰਚਿਆਂ ਅਤੇ ਅੰਕੜਿਆਂ ਬਾਰੇ ਸਵਾਲ ਉਠਾਉਣ ਲਈ ਛੇ ਦਿਨ ਹੁੰਦੇ ਹਨ। ਫ਼ਿਰ ਇੱਕ ਕਮੇਟੀ ਦੁਆਰਾ ਸਰਕਾਰ ਦੇ ਅੰਕੜੇ ਅਤੇ ਖ਼ਰਚਿਆਂ ਦੀ ਸਮੀਖਿਆ ਕੀਤੀ ਜਾਂਦੀ ਹੈ।

- ## ਪ੍ਰਸ਼ਨ ਕਾਲ

  ਪ੍ਰਸ਼ਨ ਕਾਲ ਹਰ ਸੋਮਵਾਰ ਤੋਂ ਵੀਰਵਾਰ ਤਕ 30 ਮਿੰਟਾਂ ਦਾ ਸਮਾਂ ਹੁੰਦਾ ਹੈ ਜਦੋਂ ਵਿਧਾਇਕਾਂ ਵੱਲੋਂ ਪ੍ਰੀਮੀਅਰ ਅਤੇ ਕੈਬਿਨੇਟ ਮੰਤਰੀਆਂ ਨੂੰ ਸਰਕਾਰ ਦੀਆਂ ਯੋਜਨਾਵਾਂ ਅਤੇ ਗਤੀਵਿਧੀਆਂ ਬਾਰੇ ਤਾਬੜਤੋੜ ਸਵਾਲ ਕੀਤੇ ਜਾਂਦੇ ਹਨ। ਪ੍ਰਸ਼ਨ ਕਾਲ ਦੌਰਾਨ ਹੋਣ ਵਾਲੀ ਗੱਲਬਾਤ ਅਕਸਰ ਭੱਖਦੀ ਅਤੇ ਰੌਲ਼ੇ-ਰੱਪੇ ਭਰਪੂਰ ਹੁੰਦੀ ਹੈ ਅਤੇ ਇਸ ਦੌਰਾਨ ਸਥਿਤੀ ਨੂੰ ਕਾਬੂ ਵਿੱਚ ਰੱਖਣਾ ਸਪੀਕਰ ‘ਤੇ ਨਿਰਭਰ ਕਰਦਾ ਹੈ।

- ## ਬਿਲਾਂ ਉੱਪਰ ਬਹਿਸ

  ਕੋਈ ਵੀ ਵਿਧਾਇਕ ਇੱਕ ਨਵੇਂ ਕਾਨੂੰਨ (ਜਿਸ ਨੂੰ ਬਿਲ ਕਹਿੰਦੇ ਹਨ) ਦਾ ਪ੍ਰਸਤਾਵ ਰੱਖ ਸਕਦਾ ਹੈ, ਪਰ ਜ਼ਿਆਦਾਤਰ ਬਿਲ ਕੈਬਿਨੇਟ ਮੰਤਰੀਆਂ ਦੁਆਰਾ ਪੇਸ਼ ਕੀਤੇ ਜਾਂਦੇ ਹਨ। ਕਾਨੂੰਨ ਬਣਨ ਤੋਂ ਪਹਿਲਾਂ - ਸਾਰੇ ਬਿਲਾਂ ਦਾ ਤਿੰਨ ਵਾਰੀ “ਰੀਡਿੰਗ” ਵਿੱਚੋਂ - ਅਤੇ ਨਾਲ ਹੀ ਹੋਲ ਹਾਊਸ ਕਮੇਟੀ (ਸਦਨ ਵਿਚਲੀਆਂ ਸਾਰੀਆਂ ਪਾਰਟੀਆਂ ਤੋਂ ਲਏ ਮੈਂਬਰਾਂ ਦੀ ਇੱਕ ਕਮੇਟੀ) ਵੱਲੋਂ ਡੂੰਘਾਈ ਨਾਲ ਕੀਤੇ ਜਾਣ ਵਾਲੇ ਇੱਕ ਅਧਿਐਨ ਵਿੱਚੋਂ ਪਾਸ ਹੋਣਾ ਲਾਜ਼ਮੀ ਹੁੰਦਾ ਹੈ। ਇਸ ਨਾਲ ਵਿਧਾਇਕਾਂ ਨੂੰ ਹਰ ਬਿਲ ਦੀ ਧਿਆਨ ਨਾਲ ਜਾਂਚ ਕਰਨ ਅਤੇ ਉਸ ਵਿੱਚ ਤਬਦੀਲੀਆਂ ਜਾਂ ਸੁਧਾਰਾਂ ਵਾਸਤੇ ਸੁਝਾਅ ਦੇਣ ਲਈ ਸਮਾਂ ਮਿਲਦਾ ਹੈ। ਜੇ ਜ਼ਿਆਦਾਤਰ ਵਿਧਾਇਕ ਕਿਸੇ ਬਿਲ ਦਾ ਸਮਰਥਨ ਕਰਦੇ ਹਨ ਤਾਂ ਉਹ ਬਿਲ ਵਿਧਾਨ ਸਭਾ ਦਾ ਇੱਕ ਐਕਟ ਬਣ ਜਾਂਦਾ ਹੈ ਜਿਸ ਨੂੰ ਉਂਝ ਕਾਨੂੰਨ ਕਿਹਾ ਜਾਂਦਾ ਹੈ।

## ਭਰੋਸਾ ਬਰਕਰਾਰ ਰੱਖਣਾ

ਸੱਤਾ ਵਿੱਚ ਰਹਿਣ ਵਾਸਤੇ ਸਰਕਾਰ ਲਈ ਬਹੁਗਿਣਤੀ ਮੈਂਬਰਾਂ ਦਾ ਸਮਰਥਨ ਅਤੇ ਵਿਸ਼ਵਾਸ ਬਰਕਰਾਰ ਰੱਖਣਾ ਲਾਜ਼ਮੀ ਹੁੰਦਾ ਹੈ। ਇਸ ਨੂੰ “ਭਰੋਸੇ ਦੇ ਦਸਤੂਰ” ਵਜੋਂ ਜਾਣਿਆ ਜਾਂਦਾ ਹੈ। ਜਿਹੜੀ ਸਰਕਾਰ ਅਸੈਂਬਲੀ ਦਾ ਵਿਸ਼ਵਾਸ ਬਰਕਰਾਰ ਰੱਖਦੀ ਹੈ ਉਹ ਨਵੇਂ ਕਾਨੂੰਨਾਂ ਅਤੇ ਜਨਤਾ ਦੇ ਪੈਸੇ ਖਰਚਣ ਲਈ ਅਸੈਂਬਲੀ ਦੀ ਮਨਜ਼ੂਰੀ ਹਾਸਲ ਕਰਨ ਦੇ ਯੋਗ ਹੁੰਦੀ ਹੈ।

ਜੇ ਸਰਕਾਰ ਜ਼ਿਆਦਾਤਰ ਮੈਂਬਰਾਂ ਦੇ ਵਿਸ਼ਵਾਸ ਨੂੰ ਬਰਕਰਾਰ ਨਹੀਂ ਰੱਖ ਸਕਦੀ, ਤਾਂ ਉਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਸੂਬਾਈ ਚੋਣਾਂ ਕਰਵਾਉਣ ਲਈ ਅਸਤੀਫ਼ਾ ਦੇਵੇ ਜਾਂ ਵਿਧਾਨ ਸਭਾ ਨੂੰ ਭੰਗ ਕੀਤੇ ਜਾਣ ਦੀ ਬੇਨਤੀ ਕਰੇ।

## ਵਿਧਾਨ ਸਭਾ ਦੇਖਣ ਲਈ ਆਉਣਾ

ਵਿਧਾਨ ਸਭਾ ਦੇਖਣ ਲਈ ਆਉਣ ਵਾਲਿਆਂ ਨੂੰ ਅਸੀਂ ਜੀ ਆਇਆਂ ਨੂੰ ਆਖਦੇ ਹਾਂ। ਸਾਰਾ ਸਾਲ ਸੋਮਵਾਰ ਤੋਂ ਸ਼ੁੱਕਰਵਾਰ, ਅਤੇ ਗਰਮੀਆਂ ਦੇ ਮਹੀਨਿਆਂ ਦੌਰਾਨ ਹਫ਼ਤੇ ਦੇ ਸੱਤੇ ਦਿਨ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਾਲੀਆਂ ਇਮਾਰਤਾਂ ਵਿੱਚ ਮੁਫ਼ਤ ਫੇਰੀਆਂ ਉਪਲਬਧ ਹਨ।

ਜਦੋਂ ਵੀ ਸਦਨ ਦੀ ਬੈਠਕ ਚਲ ਰਹੀ ਹੋਵੇ, ਉਦੋਂ ਵਿਧਾਇਕਾਂ ਨੂੰ ਕੰਮ ਕਰਦਿਆਂ ਦੇਖਣ ਲਈ ਵਿਧਾਨਿਕ ਚੈਂਬਰ ਦੀਆਂ ਜਨਤਕ ਗੈਲਰੀਆਂ ਵਿਚ ਸੈਲਾਨੀਆਂ ਦਾ ਸਵਾਗਤ ਹੁੰਦਾ ਹੈ। ਕਿਰਪਾ ਕਰਕੇ ਨੋਟ ਕਰੋ ਕਿ ਪ੍ਰਸ਼ਨ ਕਾਲ – ਹਰ ਸੋਮਵਾਰ ਤੋਂ ਵੀਰਵਾਰ 30-ਮਿਟਾਂ ਦੀ ਮਿਆਦ ਵਾਲਾ ਸਮਾਂ ਜਦੋਂ ਵਿਧਾਇਕ ਸਰਕਾਰ ਦੀਆਂ ਗਤੀਵਿਧੀਆਂ ਬਾਰੇ ਸਵਾਲ ਪੁੱਛਦੇ ਹਨ – ਦੌਰਾਨ ਗੈਲਰੀਆਂ ਅਕਸਰ ਭਰੀਆਂ ਹੁੰਦੀਆਂ ਹਨ।

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ www.leg.bc.ca ’ਤੇ ਜਾਓ ਜਾਂ ਸੰਪਰਕ ਕਰੋ:

Parliamentary Education Office
Parliament Buildings
Victoria BC V8V 1X4
250.387.8669
PEO@leg.bc.ca

ਵਿਧਾਨ ਸਭਾ ਦੀਆਂ ਇਮਾਰਤਾਂ ਦੇਖਣ ਆਉਣ ਲਈ,
www.leg.bc.ca/tours ’ਤੇ ਜਾਓ ਜਾਂ ਸੰਪਰਕ ਕਰੋ:

Parliamentary Tour Program
Parliament Buildings
Victoria BC V8V 1X4
250.387.3046
Tours@leg.bc.ca

LEGISLATIVE ASSEMBLY
*of* BRITISH COLUMBIA

**www.leg.bc.ca**
LegislativeAssemblyBC
BCLegislature

DECEMBER 2017

# ਸਰਕਾਰ ਅਤੇ ਵਿਰੋਧੀ ਧਿਰ ਦੀ ਭੂਮਿਕਾ



LEGISLATIVE ASSEMBLY
*of* BRITISH COLUMBIA